Punjab Government Gazette

Published by Authority

No. 23] CHANDIGARH, FRIDAY, JUNE 5, 2026 (JYAISTHA 15, 1948 SAKA)

PART I

Punjab Government Notifications and Orders

ਦਫ਼ਤਰ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਾਜਿਲਕਾ

O/o Deputy Registrar, Cooperative Societies, Fazilka

Email: drcsfazilka@gmail.com

ਹੁਕਮ

ਸ਼੍ਰੀ ਰਮਨਪ੍ਰੀਤ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ ਵਾਸੀ ਗਾਂਧੀ ਨਗਰ, ਜਲਾਲਾਬਾਦ ਨੇੜੇ ਐਡਵੋਕੇਟ ਝਾਂਬ ਹੋਮ, ਕਲਰਕ ਜੋ ਕਿ ਦਫਤਰ ਸਹਾਇਕ ਰਜਿਸਟਰਾਰ,ਸਹਿਕਾਰੀ ਸਭਾਵਾਂ, ਜਲਾਲਾਬਾਦ (ਜਿਸ ਨੂੰ ਅੱਗੇ ਦਫਤਰ ਸ.ਰ.ਸ.ਸ. ਜਲਾਲਾਬਾਦ ਲਿਖਿਆ ਜਾਵੇਗਾ) ਵਿਖੇ ਤੈਨਾਤ ਹੈ।

1. ਇਹ ਕਿ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਜਲਾਲਾਬਾਦ ਵੱਲੋਂ ਆਪਣੇ ਦਫਤਰੀ ਪੱਤਰ ਨੰਬਰ-1491 ਮਿਤੀ-10.08.2021ਰਾਹੀਂ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਦੇ ਮਿਤੀ-03.08.2021 ਤੋਂ ਬਿਨ੍ਹਾਂ ਛੁੱਟੀ ਦਿੱਤੇ/ਪ੍ਰਵਾਨ ਕਰਵਾਏ ਲਗਾਤਾਰ ਗੈਰ-ਹਾਜਰ ਹੋਣ ਸਬੰਧੀ ਰਿਪੋਰਟ ਕੀਤੀ ਗਈ। ਜਿਸ ਦੇ ਅਧਾਰ ਤੇ ਇਸ ਦਫਤਰ ਦੇ ਪੱਤਰ ਨੰਬਰ-1982 ਮਿਤੀ-11.08.2021 ਰਾਹੀਂ ਰਮਨਪ੍ਰੀਤ ਸਿੰਘ, ਕਲਰਕ ਨੂੰ ਮਿਤੀ - 03.08.2021 ਤੋਂ ਆਪਣੀ ਗੈਰ-ਹਾਜਰੀ ਬਾਰੇ ਕਾਰਣ ਦੱਸੋ ਨੋਟਿਸ ਜਾਰੀ ਕਰਦੇ ਹੋਏ 15 ਦਿਨ ਦੇ ਅੰਦਰ-ਅੰਦਰ ਸਪੱਸ਼ਟੀਕਰਣ ਦੇਣ ਦੀ ਹਦਾਇਤ ਕੀਤੀ ਗਈ। ਉਕਤ ਨੋਟਿਸ ਇਸ ਕਰਮਚਾਰੀ ਨੂੰ ਤਾਮੀਲ ਕਰਵਾਉਣ ਲਈ ਸ.ਰ.ਸ.ਸ., ਜਲਾਲਾਬਾਦ ਨੂੰ ਲਿਖਿਆ ਗਿਆ, ਜਿਸ ਸਬੰਧੀ ਉਹਨਾਂ ਵੱਲੋਂ ਆਪਣੇ ਦਫਤਰੀ ਪੱਤਰ ਨੰਬਰ-1549 ਮਿਤੀ -17.08.2021 ਰਾਹੀਂ ਰਿਪੋਰਟ ਕੀਤੀ ਹੈ ਕਿ ਉਕਤ ਕਾਰਣ ਦੱਸੋ ਨੋਟਿਸ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਨੂੰ ਤਾਮੀਲ ਕਰਵਾਉਣ ਲਈ ਉਹਨਾਂ ਦੇ ਦਫਤਰ ਦੇ ਸੇਵਾਦਾਰ ਸ਼੍ਰੀ ਰਜਿੰਦਰ ਸਿੰਘ ਦੀ ਡਿਊਟੀ ਲਗਾਈ ਗਈ ਅਤੇ ਉਹਨਾਂ ਵੱਲੋਂ ਹੋਈ ਕਾਰਵਾਈ ਸਬੰਧੀ ਸੂਚਨਾ ਦਿੰਦੇ ਹੋਏ ਦੱਸਿਆ ਗਿਆ ਕਿ ਰਮਨਪ੍ਰੀਤ ਸਿੰਘ ਕਲਰਕ ਦੇ ਘਰ ਤਾਲਾ/ਲੋਕ ਲੱਗਿਆ ਹੋਣ ਕਰਕੇ ਅਤੇ ਰਮਨਪ੍ਰੀਤ ਸਿੰਘ, ਕਲਰਕ ਦਾ ਫੋਨ ਬੰਦ ਹੋਣ ਕਰਕੇ ਨੋਟਿਸ ਉਸ ਦੇ ਘਰ ਦੇ ਬਾਹਰ ਚਸਪਾ ਕਰ ਦਿੱਤਾ ਗਿਆ ਹੈ। ਸ਼੍ਰੀ ਰਜਿੰਦਰ ਸਿੰਘ ਦੇ ਨਾਲ ਬਤੌਰ ਗਵਾਹ ਸ਼੍ਰੀ ਪਵਨ ਕੁਮਾਰ, ਕਲਰਕ, ਦਫਤਰ ਸ.ਰ.ਸ.ਸ., ਜਲਾਲਾਬਾਦ ਮੌਜੂਦ ਸਨ।

2. ਇਹ ਕਿ ਸ.ਰ.ਸ.ਸ., ਜਲਾਲਾਬਾਦ ਵੱਲੋਂ ਆਪਣੇ ਦਫਤਰੀ ਪੱਤਰ ਨੰਬਰ-1524 ਮਿਤੀ- 16.08.2021 ਰਾਹੀਂ ਇਸ ਦਫਤਰ ਨੂੰ ਰਿਪੋਰਟ ਕੀਤੀ ਗਈ ਕਿ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਵੱਲੋਂ ਉਹਨਾਂ ਦੇ ਦਫਤਰ ਦੇ ਰਿਕਾਰਡ ਨਾਲ ਛੇੜਛਾੜ ਕਰਕੇ ਵੱਡੇ ਪੱਧਰ ਤੇ ਮੁਬੱਲਗ 3581912/- ਰੁਪਏ ਦੇ ਗਬਨ ਨੂੰ ਅੰਜਾਮ ਦਿੱਤਾ ਹੈ। ਜਿਸ ਅਧਾਰ ਤੇ ਇਸ ਦਫਤਰ ਦੇ ਹੁਕਮ ਪਿੱਠ ਅੰਕਣ ਨੰਬਰ-ਅਮਲਾ/ਉ.ਰ.ਫ/2059 ਮਿਤੀ -17.08.2021 ਰਾਹੀਂ ਸ਼੍ਰੀ ਰਮਨਪ੍ਰੀਤ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ, ਕਲਰਕ ਦਫਤਰ ਸ.ਰ.ਸ.ਸ., ਜਲਾਲਾਬਾਦ ਉੱਪਰ ਸਰਕਾਰੀ ਪੈਸੇ ਦੇ ਗਬਨ ਦੇ ਦੋਸ਼ ਹੋਣ ਕਰਕੇ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਅਤੇ ਉਕਤ ਕਰਮਚਾਰੀ ਦਾ ਹੈਡ ਕੁਆਟਰ ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਾਜਿਲਕਾ ਨੀਅਤ ਕੀਤਾ ਗਿਆ।

3. ਇਹ ਕਿ ਇਸ ਦਫਤਰ ਦੇ ਹੁਕਮ ਪਿੱਠ ਅੰਕਣ ਨੰਬਰ-ਅਮਲਾ/ਉ.ਰ.ਫ/2059 ਮਿਤੀ-17.08.2021 ਰਾਹੀਂ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਨੂੰ ਮੁਅੱਤਲ ਕਰਨ ਦੇ ਹੁਕਮ ਜਾਰੀ ਕਰਨ ਦੇ ਨਾਲ-ਨਾਲ ਉਕਤ ਕਰਮਚਾਰੀ (ਮੁਅੱਤਲੀ ਅਧੀਨ) ਦਾ ਹੈਡਕੁਆਟਰ ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਾਜਿਲਕਾ ਨਿਯਤ ਕੀਤਾ ਗਿਆ ਸੀ। ਪਰੰਤੂ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਾਜਿਲਕਾ ਵੱਲੋਂ ਆਪਣੇ ਦਫਤਰੀ ਪੱਤਰ ਨੰਬਰ-2026 ਮਿਤੀ -24.08.2021 ਰਾਹੀਂ ਇਸ ਦਫਤਰ ਨੂੰ ਰਿਪੋਰਟ ਕੀਤੀ ਗਈ ਕਿ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਵੱਲੋਂ ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਾਜਿਲਕਾ ਵਿਖੇ ਆਪਣੀ ਹਾਜਰੀ ਰਿਪੋਰਟ ਨਹੀਂ ਦਿੱਤੀ ਗਈ ਅਤੇ ਨਾ ਹੀ ਇਸ ਸਬੰਧੀ ਕੋਈ ਸੰਦੇਸ਼ ਪ੍ਰਾਪਤ ਹੋਇਆ ਹੈ। ਇਸ ਦਫਤਰ ਵੱਲੋਂ ਮਿਤੀ -11.08.2021 ਨੂੰ ਜਾਰੀ ਕੀਤੇ ਨੋਟਿਸ ਵਿੱਚ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਨੂੰ ਆਪਣਾ ਪੱਖ ਪੇਸ਼ ਕਰਨ ਲਈ ਪੂਰਾ ਮੌਕਾ ਦਿੱਤਾ ਗਿਆ ਪਰੰਤੂ ਉਕਤ ਕਰਮਚਾਰੀ ਵੱਲੋਂ ਇਸ ਦਫਤਰ ਵਿੱਚ 15 ਦਿਨ ਦੇ ਦਿੱਤੇ ਸਮੇਂ ਤੋਂ ਬਾਅਦ ਵੀ ਆਪਣਾ ਪੱਖ ਪੇਸ਼ ਨਾ ਕਰਨਾ ਇਹ ਦਰਸਾਉਂਦਾ ਹੈ ਕਿ ਉਹ ਆਪਣੀ ਡਿਊਟੀ ਪ੍ਰਤੀ ਸੰਜੀਦਾ ਨਹੀਂ ਹੈ ਅਤੇ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਾਜਿਲਕਾ ਪਾਸੋਂ ਮਿਤੀ -24.08.2021 ਰਾਹੀਂ ਕੀਤੀ ਗਈ ਰਿਪੋਰਟ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਆਪਣੀ ਡਿਊਟੀ ਤੋਂ ਜਾਣਬੁੱਝ ਕੇ ਗੈਰਹਾਜਰ ਹੈ। ਜਿਸ ਅਧਾਰ ਤੇ ਇਸ ਦਫਤਰ ਦੇ ਹੁਕਮ ਪਿੱਠ ਅੰਕਣ ਨੰਬਰ-ਉ.ਰ.ਫ/ਐਸ.ਏ-1/2169 ਮਿਤੀ -26.08.2021 ਰਾਹੀਂ ਉਕਤ ਕਰਮਚਾਰੀ (ਮੁਅੱਤਲੀ ਅਧੀਨ) ਨੂੰ ਮਿਤੀ -03.08.2021 ਤੋਂ ਗੈਰ-ਹਾਜਰ ਕਰਾਰ ਕਰ ਦਿੱਤਾ ਗਿਆ ਸੀ।

4. ਇਹ ਕਿ ਸ.ਰ.ਸ.ਸ., ਜਲਾਲਾਬਾਦ ਪਾਸੋਂ ਆਪਣੇ ਦਫਤਰੀ ਪੱਤਰ ਨੰਬਰ-1680ਮਿਤੀ -13.09.2021 ਰਾਹੀਂ ਇਸ ਦਫਤਰ ਨੂੰ ਰਿਪੋਰਟ ਕੀਤੀ ਗਈ ਕਿ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਦੋਸ਼ੀ ਕਰਮਚਾਰੀ) ਵੱਲੋਂ ਮੁਬ:3581912/- ਰੁਪਏ ਦੇ ਸਰਕਾਰੀ ਰਕਮ ਦੇ ਕੀਤੇ ਗਬਨ ਕਾਰਨ ਦੋਸ਼ੀ ਕਰਮਚਾਰੀ ਖਿਲਾਫ ਉਹਨਾਂ ਵੱਲੋਂ ਥਾਣਾ ਜਲਾਲਾਬਾਦ ਜਿਲ੍ਹਾ ਫਾਜਿਲਕਾ ਵਿੱਚ ਐਫ.ਆਈ.ਆਰ ਨੰਬਰ-0198 ਮਿਤੀ-09.09.2021 ਦਰਜ ਕਰਵਾ ਦਿੱਤੀ ਹੈ। ਇਸ ਉਪਰੰਤ ਸ.ਰ.ਸ.ਸ., ਜਲਾਲਾਬਾਦ ਪਾਸੋਂ ਆਪਣੇ ਦਫਤਰੀ ਪੱਤਰ ਨੰਬਰ-1770 ਮਿਤੀ - 06.10.2021 ਰਾਹੀਂ ਇਸ ਦਫਤਰ ਨੂੰ ਰਿਪੋਰਟ ਕੀਤੀ ਗਈ ਕਿ ਦਫਤਰ ਦੀ ਕੈਸ਼ ਬੁੱਕ ਨੂੰ ਲਿਖਣ ਲਈ ਰਿਕਾਰਡ ਦੀ ਪੜਚੋਲ ਕਰਨ ਤੇ ਰਮਨਪ੍ਰੀਤ ਸਿੰਘ, ਕਲਰਕ ਵੱਲੋਂ ਇੱਕ ਹੋਰ ਰਕਮ ਮੁਬੱਲਗ 3554056/- ਰੁਪਏ ਦਾ ਗਬਨ ਕੀਤਾ ਜਾਣਾ ਪਾਇਆ ਗਿਆ। ਜਿਸ ਸਬੰਧ ਵਿੱਚ ਉਹਨਾਂ ਵੱਲੋਂ ਡਿਪਟੀ ਸੁਪਰਡੈਂਟ ਪੁਲਿਸ ਜਲਾਲਾਬਾਦ ਦੇ ਦਫਤਰ ਨੂੰ ਦੋਸ਼ੀ ਕਰਮਚਾਰੀ ਖਿਲਾਫ ਪਹਿਲਾਂ ਤੋਂ ਦਰਜ ਕਰਵਾਈ ਗਈ ਐਫ.ਆਈ.ਆਰ ਨੰਬਰ-0198 ਮਿਤੀ-09.09.2021 ਵਿੱਚ ਗਬਨ ਦੀ ਰਕਮ ਦਾ ਵਾਧਾ ਕਰਨ ਲਈ ਬੇਨਤੀ ਕੀਤੀ ਗਈ। ਮਹਿਕਮਾਂ ਪੁਲਿਸ ਵਲੋਂ ਕਾਰਵਾਈ ਕਰਦੇ ਹੋਏ ਐਫ.ਆਈ.ਆਰ ਨੰਬਰ-0198 ਮਿਤੀ -09.09.2021 ਵਿੱਚ ਮੁਬੱਲਗ 3554056/- ਰੁਪਏ ਦੀ ਰਕਮ ਦੇ ਗਬਨ ਵਿੱਚ ਵਾਧਾ ਕਰਦੇ ਹੋਏ ਦੋਸ਼ੀ ਕਰਮਚਾਰੀ ਦੀ ਮਾਤਾ ਸ਼੍ਰੀਮਤੀ ਨੀਲਮ ਰਾਣੀ ਪਤਨੀ ਪਰਮਜੀਤ ਸਿੰਘ ਵਾਸੀ ਗਾਂਧੀ ਨਗਰ ਜਲਾਲਾਬਾਦ ਜਿਲ੍ਹਾ ਫਾਜਿਲਕਾ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਇਸ ਐਫ.ਆਈ.ਆਰ ਨੰਬਰ-0198 ਮਿਤੀ-09.09.2021 ਵਿੱਚ ਨਾਮਜਦ ਕੀਤਾ ਹੈ। ਕਿਉਂਕਿ ਮੁਬੱਲਗ 3554056/- ਰੁਪਏ ਦੀ ਇਹ ਜੋ ਗਬਨ ਦੀ ਰਕਮ ਹੈ ਉਸ ਨੂੰ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਵੱਲੋਂ ਆਪਣੀ ਮਾਤਾ ਦੇ ਸਟੇਟ ਬੈਂਕ ਆਫ ਇੰਡੀਆ ਦੇ ਅਕਾਉਂਟ ਵਿੱਚ ਟਰਾਂਸਫਰ ਕੀਤਾ ਗਿਆ ਸੀ। ਇਸ ਤਰ੍ਹਾਂ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਵੱਲੋਂ ਕੀਤੇ ਗਬਨ ਦੀ ਰਕਮ ਕੁੱਲ ਮੁਬੱਲਗ 7135968/- ਰੁਪਏ ਹੈ ਜਿਸ ਸਬੰਧੀ ਕਾਰਵਾਈ ਕੀਤੀ ਗਈ ਹੈ।

5. ਇਹ ਕਿ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਾਜਿਲਕਾ ਵੱਲੋਂ ਸ.ਰ.ਸ.ਸ., ਜਲਾਲਾਬਾਦ ਨੂੰ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਖਿਲਾਫ ਦੋਸ਼ ਸੂਚੀ ਦਾ ਖਰੜਾ ਤਿਆਰ ਕਰਨ ਲਈ ਹਦਾਇਤ ਕੀਤੀ ਗਈ। ਜਿਸ ਦੀ ਪਾਲਣਾ ਵਿੱਚ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲਾਲਾਬਾਦ ਵੱਲੋਂ ਆਪਣੇ ਦਫਤਰੀ ਪੱਤਰ ਨੰਬਰ-2009 ਮਿਤੀ -06.12.2021 ਰਾਹੀਂ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਖਿਲਾਫ ਦੋਸ਼ ਸੂਚੀ ਦਾ ਖਰੜਾ ਇਸ ਦਫਤਰ ਨੂੰ ਭੇਜਿਆ ਗਿਆ। ਜਿਸ ਤੇ ਕਾਰਵਾਈ ਕਰਦੇ ਹੋਏ ਇਸ ਦਫਤਰ ਦੇ ਹੁਕਮ ਪਿੱਠ ਅੰਕਣ ਨੰਬਰ-ਉ.ਰ.ਫ-ਐਸ.ਏ-1/3187-92 ਮਿਤੀ-17.12.2021 ਅਤੇ ਨੰਬਰ-ਉ.ਰ.ਫ/ਐਸ.ਏ -1/313-18 ਮਿਤੀ -25.01.2022 ਰਾਹੀਂ ਪੰਜਾਬ ਸਿਵਲ ਸਰਵਿਸ (ਪਨਿਸ਼ਮੈਂਟ ਐਂਡ ਅਪੀਲ) ਰੂਲ 1970 ਦੇ ਰੂਲ 8 ਅਨੁਸਾਰ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਦੇ ਵਿਰੁੱਧ ਮਿਤੀ-06.12.2021 ਰਾਹੀਂ ਜਾਰੀ ਹੋਈ ਚਾਰਜਸ਼ੀਟ ਵਿੱਚ ਲਾਏ ਗਏ ਦੋਸ਼ਾਂ ਦੀ ਪੜਤਾਲ ਕਰਨ ਲਈ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅਬੋਹਰ ਨੂੰ ਪੜਤਾਲ ਅਫਸਰ-ਨਿਯੁਕਤ ਕੀਤਾ ਗਿਆ ਅਤੇ ਸ਼੍ਰੀਮਤੀ ਰਮਨਦੀਪ ਕੋਰ, ਸੀਨੀਅਰ ਸਹਾਇਕ, ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲਾਲਾਬਾਦ ਨੂੰ ਵਿਭਾਗ ਦਾ ਪੱਖ ਪੇਸ਼ ਕਰਨ ਲਈ ਪੇਸ਼ ਕਰਤਾ ਅਫਸਰ ਨਿਯੁਕਤ ਕੀਤਾ ਗਿਆ।

6 ਇਹ ਕਿ ਪੜਤਾਲ ਅਫਸਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅਬੋਹਰ ਪਾਸੋਂ ਚਾਰਜਸ਼ੀਟ ਦੀ ਪੜਤਾਲ ਕਰਨ ਲਈ ਵੱਖ-ਵੱਖ ਸੁਣਵਾਂਈ ਮਿਤੀਆਂ- 21.01.2022,07.06.2022,15.06.2022,29.06.2022,28.07.2022,29.08.2022 ਰੱਖੀਆਂ ਗਈਆਂ। ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਵਿਰੁੱਧ ਚੱਲ ਰਹੀ ਦੋਸ਼ ਸੂਚੀ ਦੀ ਪੜਤਾਲ ਕਰਨ ਲਈ ਪੜਤਾਲ ਅਫਸਰ ਵੱਲੋਂ ਰੱਖੀਆਂ ਗਈਆਂ ਉਕਤ ਸੁਣਵਾਈ ਮਿਤੀਆਂ ਤੇ ਪੇਸ਼ ਕਰਤਾ ਅਫਸਰ ਅਤੇ ਗਵਾਹਵਾਨਾਂ ਵੱਲੋਂ ਆਪਣੇ ਬਿਆਨ ਦਰਜ ਕਰਵਾਏ ਗਏ। ਪ੍ਰੰਤੂ ਪੜਤਾਲ ਅਫਸਰ ਵੱਲੋਂ ਸੁਣਵਾਈ ਲਈ ਸੰਮਨ ਜਾਰੀ ਕਰਨ ਦੇ ਬਾਵਜੂਦ ਵੀ ਉਕਤ ਹਰੇਕ ਸੁਣਵਾਈ ਦੀ ਮਿਤੀ ਤੇ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਵੱਲੋਂ ਹਾਜਰ ਨਹੀਂ ਹੋਇਆ ਗਿਆ। ਇਸ ਲਈ ਪੜਤਾਲ ਅਫਸਰ ਵੱਲੋਂ ਅਗਲੀ ਸੁਣਵਾਈ ਮਿਤੀ -03.10.2022 ਨੂੰ ਰੱਖੀ ਗਈ। ਪੜਤਾਲ ਅਫਸਰ ਵੱਲੋਂ ਆਪਣੇ ਦਫਤਰੀ ਪੱਤਰ ਨੰਬਰ-ਆਰ.ਕੇ-1/ਸ.ਰ.ਅ/1631 ਮਿਤੀ -06.09.2021 ਰਾਹੀਂ ਸ.ਰ.ਸ.ਸ.,ਜਲਾਲਾਬਾਦ ਨੂੰ ਲਿਖਿਆ ਕਿ ਉਕਤ ਸੁਣਵਾਈ ਦੀ ਮਿਤੀ ਤੇ ਹਾਜਰ ਹੋਣ ਲਈ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਨੂੰ ਨੋਟਿਸ ਤਾਮੀਲ ਕਰਵਾਉਣ ਲਈ ਅਖਬਾਰਾਂ ਵਿੱਚ ਪੱਬਲਿਕੇਸ਼ਨ (ਦੋ ਪ੍ਰਚਲਿਤ ਅਖਬਾਰਾਂ ਵਿੱਚ) ਕਰਵਾਈ ਜਾਵੇ। ਜਿਸਦੀ ਪਾਲਣਾ ਵਿੱਚ ਸ.ਰ.ਸ.ਸ., ਜਲਾਲਾਬਾਦ ਨੇ ਆਪਣੇ ਦਫਤਰੀ ਪੱਤਰ ਨੰਬਰ-1218 ਮਿਤੀ -22.09.2022 ਰਾਹੀਂ ਪੜਤਾਲ ਅਫਸਰ ਨੂੰ ਰਿਪੋਰਟ ਕੀਤੀ ਕਿ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਵਿਰੁੱਧ ਚੱਲ ਰਹੀ ਚਾਰਜਸ਼ੀਟ ਦੀ ਸੁਣਵਾਈ ਮਿਤੀ -03.10.2022 ਸਬੰਧੀ ਉਕਤ ਕਰਮਚਾਰੀ ਨੂੰ ਮੌਕਾ ਦੇਣ ਲਈ ਨੋਟਿਸ ਕੁਬੇਰ ਕੇਸਰੀ ਜਲਾਲਾਬਾਦ (ਜਿਲ੍ਹੇ ਪੱਧਰ ਦਾ ਅਖਬਾਰ) ਅਤੇ ਅਜੀਤ ਸਮਾਚਾਰ (ਖੇਤਰੀ ਅਖਬਾਰ) ਵਿੱਚ ਨੋਟਿਸ ਪ੍ਰਕਾਸ਼ਿਤ ਕਰਵਾਇਆ ਗਿਆ। ਪ੍ਰੰਤੂ ਇਸ ਦੇ ਬਾਵਜੂਦ ਵੀ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਸੁਣਵਾਈ ਲਈ ਮਿੱਥੀ ਮਿਤੀ, ਸਮੇਂ ਅਤੇ ਸਥਾਨ ਤੇ ਹਾਜਰ ਨਾ ਆਇਆ। ਇਸ ਉਪਰੰਤ ਪੜਤਾਲ ਅਫਸਰ ਪਾਸੋਂ ਮਿਤੀ -17.10.2022 ਨੂੰ ਸੁਣਵਾਈ ਰੱਖੀ ਗਈ।

7. ਇਹ ਕਿ ਸ.ਰ.ਸ.ਸ., ਜਲਾਲਾਬਾਦ ਵੱਲੋਂ ਆਪਣੇ ਦਫਤਰੀ ਪੱਤਰ ਨੰਬਰ-1217 ਮਿਤੀ- 22.09.2022 ਰਾਹੀਂ ਇਸ ਦਫਤਰ ਨੂੰ ਬੇਨਤੀ ਕੀਤੀ ਕਿ ਦੋਸ਼ ਸੂਚੀ ਨੂੰ ਜਾਰੀ ਕਰਦੇ ਸਮੇਂ Typographical Mistake (ਛਪਾਈ ਦੀ ਗਲਤੀ) ਕਰਕੇ ਦੋਸ਼ ਸੂਚੀ ਵਿੱਚ ਇਕ ਗਵਾਹ ਰਹਿ ਗਿਆ ਹੈ, ਜਿਸ ਦੇ ਬਿਆਨ ਇਸ ਦੋਸ਼ ਸੂਚੀ ਵਿੱਚ ਹੋਣੇ ਬਹੁਤ ਜਰੂਰੀ ਹਨ ਇਸ ਲਈ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਖਿਲਾਫ਼ ਦੋਸ਼ ਸੂਚੀ ਦੀ ਚੱਲ ਰਹੀ ਪੜਤਾਲ ਵਿੱਚ ਸ਼੍ਰੀ ਸੁਰੇਸ਼ ਕੁਮਾਰ ਸੀਨੀਅਰ ਸਹਾਇਕ (ਸੇਵਾ ਮੁਕਤ ਮਿਤੀ-31.05.2021)ਨੂੰ ਬਤੌਰ ਗਵਾਹ ਦੇ ਤੌਰ ਤੇ ਬਿਆਨ ਦੇਣ ਲਈ ਪੜਤਾਲ ਵਿੱਚ ਸ਼ਾਮਲ ਕਰਨ ਲਈ ਪੜਤਾਲ ਅਫਸਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅਬੋਹਰ ਨੂੰ ਲਿਖਿਆ ਜਾਵੇ। ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲਾਲਾਬਾਦ ਦੀ ਰਿਪੋਰਟ ਦੇ ਅਧਾਰ ਤੇ ਇਸ ਦਫਤਰ ਦੇ ਪੱਤਰ ਨੰਬਰ-ਉ.ਰ.ਫ/ਐਸ.ਏ.1/3953 ਮਿਤੀ-27.09.2022 ਰਾਹੀਂ ਪੜਤਾਲ ਅਫਸਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅਬੋਹਰ ਨੂੰ ਸ਼੍ਰੀ ਸੁਰੇਸ਼ ਕੁਮਾਰ ਸੀਨੀਅਰ ਸਹਾਇਕ (ਸੇਵਾ ਮੁਕਤ ਮਿਤੀ-31.05.2021) ਦਫਤਰ ਸ.ਰ.ਸ.ਸ., ਜਲਾਲਾਬਾਦ ਨੂੰ ਚਾਰਜਸ਼ੀਟ ਵਿੱਚ ਬਤੌਰ ਗਵਾਹ ਰੱਖਣ ਲਈ ਅਤੇ ਉਸ ਦੇ ਬਿਆਨ ਲੈਣ ਲਈ ਲਿੱਖ ਦਿੱਤਾ ਗਿਆ।

8. ਇਹ ਕਿ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲਾਲਾਬਾਦ (ਵਾਧੂ ਚਾਰਜ ਅਬੋਹਰ) ਵੱਲੋਂ ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅਬੋਹਰ ਦੇ ਪੱਤਰ ਨੰਬਰ-ਆਰ.ਕੇ.1/ਸ.ਰ.ਅ/1835 ਮਿਤੀ-26.10.2022 ਰਾਹੀਂ ਰਿਪੋਰਟ ਕੀਤੀ ਗਈ ਕਿ ਦੋਸ਼ ਸੂਚੀ ਮਿਤੀ-06.12.2021 ਉਹਨਾਂ ਵੱਲੋਂ ਬਤੌਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲਾਲਾਬਾਦ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਦੇ ਵਿਰੁੱਧ ਤਿਆਰ ਕੀਤੀ ਗਈ ਸੀ ਅਤੇ ਉਹਨਾਂ ਵੱਲੋਂ ਮਿਤੀ-12.10.2022 ਨੂੰ ਬਤੌਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਅਬੋਹਰ ਦਾ ਵਾਧੂ ਚਾਰਜ ਸੰਭਾਲਿਆ ਗਿਆ ਹੈ। ਜਿਸ ਕਾਰਣ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਦੇ ਵਿਰੁੱਧ ਜਾਰੀ ਹੋਈ ਚਾਰਜਸ਼ੀਟ ਵਿੱਚ ਲਾਏ ਗਏ ਦੋਸ਼ਾਂ ਦੀ ਪੜਤਾਲ ਕਰਨ ਲਈ ਇਸ ਦਫਤਰ ਦੇ ਪੱਤਰ ਨੰਬਰ-4288 ਮਿਤੀ -09.11.2022 ਰਾਹੀਂ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਾਜਿਲਕਾ ਨੂੰ ਪੜਤਾਲ ਅਫਸਰ ਨਿਯੁਕਤ ਕੀਤਾ ਗਿਆ।

9. ਇਹ ਕਿ ਪੜਤਾਲ ਅਫਸਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਾਜਿਲਕਾ ਪਾਸੋਂ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਵਿਰੁੱਧ ਜਾਰੀ ਹੋਈ ਚਾਰਜਸ਼ੀਟ ਮਿਤੀ-06.12.2021 ਦੀ ਪੜਤਾਲ ਕਰਨ ਲਈ ਸੁਣਵਾਈ ਮਿਤੀ-01.12.2022 ਅਤੇ ਮਿਤੀ -12.12.2022 ਨੂੰ ਕੀਤੀ ਗਈ। ਉਕਤ ਸੁਣਵਾਈ ਮਿਤੀਆਂ ਤੇ ਗਵਾਹਵਾਨਾਂ ਵੱਲੋਂ ਆਪਣੇ ਬਿਆਨ ਦਿੱਤੇ ਗਏ ਪ੍ਰੰਤੂ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਵੱਲੋਂ ਉਕਤ ਦੋਨਾਂ ਸੁਣਵਾਈ ਮਿਤੀਆਂ ਤੇ ਹਾਜਰ ਨਹੀਂ ਹੋਇਆ ਗਿਆ।

10. ਇਹ ਕਿ ਪੜਤਾਲ ਅਫਸਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਾਜਿਲਕਾ ਵੱਲੋਂ ਆਪਣੇ ਦਫਤਰੀ ਪੱਤਰ

ਨੰਬਰ-198 ਮਿਤੀ-19.01.2023 ਰਾਹੀਂ ਉਕਤ ਦੋਸ਼ ਸੂਚੀ ਦੀ ਪੜਤਾਲ ਕਰਕੇ ਪੜਤਾਲ ਰਿਪੋਰਟ ਇਸ ਦਫਤਰ ਨੂੰ ਭੇਜੀ ਗਈ ਕਿ 'ਉਪਰੋਕਤ ਪੜਤਾਲ ਦੌਰਾਨ ਸ਼੍ਰੀ ਰਮਨਪ੍ਰੀਤ ਸਿੰਘ ਕਲਰਕ (ਮੁਅੱਤਲੀ ਅਧੀਨ) ਨੂੰ ਸੁਣਵਾਈ ਸਮੇਂ ਹਾਜਰ ਹੋਣ ਲਈ ਸਧਾਰਨ ਪੱਤਰਾਂ/ਸਮਾਚਾਰ ਪੱਤਰਾਂ ਰਾਹੀਂ ਆਪਣਾ ਪੱਖ ਪੇਸ਼ ਕਰਨ ਲਈ ਲਿਖਿਆ/ਮੌਕਾ ਦਿੱਤਾ ਗਿਆ ਪਰ ਦੋਸ਼ੀ ਕਰਮਚਾਰੀ ਪੜਤਾਲ ਸਮੇਂ ਹਾਜਰ ਨਹੀਂ ਆਇਆ। ਚਾਰਜਸ਼ੀਟ ਵਿੱਚ ਦਰਜ ਗਵਾਹਾਂ ਦੇ ਬਿਆਨਾਂ ਅਨੁਸਾਰ ਸ਼੍ਰੀ ਰਮਨਪ੍ਰੀਤ ਸਿੰਘ ਕਲਰਕ (ਮੁਅੱਤਲੀ ਅਧੀਨ) ਵੱਲੋਂ ਦਫਤਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨਾਲ ਜਾਣਬੁੱਝ ਕੇ ਗਬਨ/ਫਰਾਡ ਅਤੇ ਦਫਤਰੀ ਰਿਕਾਰਡ ਵੀ ਖੁਰਦ-ਬੁਰਦ ਕੀਤਾ ਗਿਆ ਹੈ। ਸੁਣਵਾਈ ਸਮੇਂ ਦੋਸ਼ੀ ਕਰਮਚਾਰੀ ਦਾ ਹਾਜਰ ਨਾ ਹੋਣਾ ਇਹ ਸਿੱਧ ਕਰਦਾ ਹੈ ਕਿ ਚਾਰਜਸ਼ੀਟ ਵਿੱਚ ਲੱਗੇ ਸਾਰੇ ਦੋਸ਼ ਸ਼੍ਰੀ ਰਮਨਪ੍ਰੀਤ ਸਿੰਘ ਕਲਰਕ (ਮੁਅੱਤਲੀ ਅਧੀਨ) ਤੇ ਸਿੱਧ ਹੁੰਦੇ ਹਨ।'

11. ਇਹ ਕਿ ਉਕਤ ਦੋਸ਼ ਸੂਚੀ ਦਾ ਨਿਪਟਾਰਾ ਕਰਨ ਤੋਂ ਪਹਿਲਾਂ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਨੂੰ ਨਿੱਜੀ ਸੁਣਵਾਈ ਦਾ ਮੌਕਾ ਦੇਣ ਲਈ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਾਜਿਲਕਾ ਪਾਸੋਂ ਮਿਤੀ-17.04.2023 ਅਤੇ ਮਿਤੀ-24.05.2023 ਨੂੰ ਸੁਣਵਾਈ ਰੱਖੀ ਗਈ ਅਤੇ ਉਕਤ ਕਰਮਚਾਰੀ ਨੂੰ ਲਿਖਿਆ ਗਿਆ ਕਿ ਪੇਸ਼ ਨਾ ਆਉਣ ਦੀ ਸੂਰਤ ਵਿੱਚ ਆਪ ਦੇ ਖਿਲਾਫ ਇੱਕ ਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ। ਉਕਤ ਦੋਨਾਂ ਸੁਣਵਾਈ ਮਿਤੀਆਂ ਤੇ ਪੇਸ਼ ਕਰਤਾ ਅਫਸਰ ਅਤੇ ਗਵਾਹਵਾਨ ਹਾਜਰ ਆਏ ਅਤੇ ਉਨਾਂ ਵੱਲੋਂ ਆਪਣੇ-ਆਪਣੇ ਬਿਆਨ ਦਰਜ ਕਰਵਾਏ ਗਏ ਪ੍ਰੰਤੂ ਸੰਮਨ ਜਾਰੀ ਹੋਣ ਦੇ ਬਾਵਜੂਦ ਵੀ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਵੱਲੋਂ ਹਾਜਰ ਨਹੀਂ ਹੋਇਆ ਗਿਆ। ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਵੱਲੋਂ ਨਿੱਜੀ ਸੁਣਵਾਈ ਮਿਤੀ-17.04.2023 ਅਤੇ ਮਿਤੀ-24.05.2023 ਨੂੰ ਹਾਜਰ ਨਾ ਆਉਣ ਕਰਕੇ ਅਗਲੀ ਨਿੱਜੀ ਸੁਣਵਾਈ ਮਿਤੀ-16.06.2023 ਤੇ ਹਾਜਰ ਹੋਣ ਲਈ ਉਕਤ ਕਰਮਚਾਰੀ ਨੂੰ ਨੋਟਿਸ ਤਾਮੀਲ ਕਰਵਾਉਣ ਲਈ ਦੋ ਪ੍ਰਚਲਿਤ ਅਖਬਾਰਾਂ-ਦੀ ਟ੍ਰਿਬਿਊਨ (ਅੰਗਰੇਜੀ) ਅਤੇ ਜੱਗ ਬਾਣੀ (ਪੰਜਾਬੀ) ਵਿੱਚ ਨੋਟਿਸ ਪ੍ਰਕਾਸ਼ਿਤ ਕਰਵਾਉਣ ਲਈ ਇਸ ਦਫਤਰ ਦੇ ਪੱਤਰ ਨੰਬਰ-ਉ.ਰ.ਫ/ਐਸ.ਏ-1/1641 ਮਿਤੀ-24.05.2023 ਰਾਹੀਂ ਸ.ਰ.ਸ.ਸ.,ਜਲਾਲਾਬਾਦ ਨੂੰ ਲਿਖਿਆ ਗਿਆ। ਸ.ਰ.ਸ.ਸ., ਜਲਾਲਾਬਾਦ ਵੱਲੋਂ ਆਪਣੇ ਦਫਤਰੀ ਪੱਤਰ ਨੰਬਰ-770 ਮਿਤੀ-31.05.2023 ਰਾਹੀਂ ਇਸ ਦਫਤਰ ਨੂੰ ਰਿਪੋਰਟ ਕੀਤੀ ਕਿ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਦੇ ਖਿਲਾਫ ਦੋਸ਼ ਸੂਚੀ ਦੀ ਪੜਤਾਲ ਦੇ ਸਬੰਧ ਵਿੱਚ ਉਕਤ ਕਰਮਚਾਰੀ ਨੂੰ ਨੋਟਿਸ ਸੁਣਵਾਈ ਮਿਤੀ-16.06.2023 ਤਾਮੀਲ ਕਰਵਾਉਣ ਲਈ ਦੋ ਪ੍ਰਚਲਿਤ ਅਖਬਾਰਾਂ-ਦੀ ਟ੍ਰਿਬਿਊਨ (ਅੰਗਰੇਜੀ) ਅਤੇ ਜੱਗ ਬਾਣੀ (ਪੰਜਾਬੀ) ਵਿੱਚ ਮਿਤੀ-30.05.2023 ਨੂੰ ਪ੍ਰਕਾਸ਼ਿਤ ਕਰਵਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਨੂੰ ਨਿੱਜੀ ਸੁਣਵਾਈ ਦਾ ਆਖਰੀ ਮੌਕਾ ਦੇਣ ਲਈ ਇਸ ਦਫਤਰ ਦੇ ਪੱਤਰ ਨੰਬਰ-ਉ.ਰ.ਫ/ਐਸ.ਏ-1/1664 ਮਿਤੀ-24.05.2023 ਰਾਹੀਂ ਜਾਰੀ ਕੀਤਾ ਗਿਆ ਨੋਟਿਸ (ਸੁਣਵਾਈ ਮਿਤੀ-16.06.2023) ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ ਦੀ ਮਾਤਾ ਸ਼੍ਰੀਮਤੀ ਨੀਲਮ ਰਾਣੀ ਪਾਸੋਂ ਰਸੀਵ ਕੀਤਾ ਗਿਆ। ਮਿਤੀ-16.06.2023 ਨੂੰ ਪੇਸ਼ ਕਰਤਾ ਅਫਸਰ ਅਤੇ ਸਮੂਹ ਗਵਾਹਵਾਨ ਹਾਜਰ ਆਏ ਪ੍ਰੰਤੂ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਵੱਲੋਂ ਨਿੱਜੀ ਸੁਣਵਾਈ ਦੌਰਾਨ ਵੀ ਹਾਜਰ ਨਹੀਂ ਹੋਇਆ ਗਿਆ।

12. ਇਹ ਕਿ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਇਸ ਦਫਤਰ ਦੇ ਪੱਤਰ ਨੰਬਰ-ਉ.ਰ.ਫ/ਐਸ.ਏ-1/3481 ਮਿਤੀ-13.10.2023 ਰਾਹੀਂ (ਇਹ ਪੱਤਰ ਮਿਤੀ-13.10.2023 ਨੂੰ ਰਜਿਸਟਰਡ ਡਾਕ ਰਾਹੀਂ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਦੇ ਪੱਕੇ ਪਤੇ ਤੇ ਭੇਜਿਆ ਗਿਆ ਜੋ ਕਿ ਮਿਤੀ-16.10.2023 ਨੂੰ ਡਲਿਵਰਡ ਹੋਇਆ) ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਨੂੰ ਨੋਟਿਸ ਰਾਹੀਂ ਲਿਖਿਆ ਗਿਆ ਕਿ ਉਕਤ ਪੱਤਰ ਪ੍ਰਾਪਤ ਹੋਣ ਤੇ 21 ਦਿਨਾਂ ਦੇ ਅੰਦਰ-ਅੰਦਰ ਦਫਤਰ ਉਪ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਾਜਿਲਕਾ (ਕੰਮਰਾ ਨੰਬਰ-402ਬੀ, ਬੀ-ਬਲਾਕ, ਤੀਜੀ ਮੰਜਲ, ਡੀ.ਸੀ. ਕੰਮਪਲੈਕਸ, ਫਾਜਿਲਕਾ) ਵਿਖੇ ਹਾਜਰ ਹੋ ਕੇ ਆਪਣੇ ਵਿਰੁੱਧ ਲੱਗੇ ਦੋਸ਼ਾਂ ਸਬੰਧੀ ਕੋਈ ਸਪੱਸ਼ਟੀਕਰਣ ਦੇਣਾ ਚਾਹੁੰਦੇ ਹੋ ਤਾਂ ਖੁੱਦ ਹਾਜਰ ਹੋ ਕੇ ਦੇ ਸਕਦੇ ਹੋ ਅਤੇ ਉਕਤ ਨੋਟਿਸ ਨਾਲ ਪੜਤਾਲ ਅਫਸਰ ਪਾਸੋਂ ਕੀਤੀ ਗਈ ਪੜਤਾਲ ਰਿਪੋਰਟ ਦੀ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਮਿੱਥੇ ਸਮੇਂ ਵਿੱਚ ਕੋਈ ਸਪੱਸ਼ਟੀਕਰਣ ਲਿਖਿਆ ਜਾਂ ਖੁੱਦ ਆ ਕੇ ਨਾ ਦਿੱਤੇ ਜਾਣ ਦੀ ਸੂਰਤ ਵਿੱਚ ਇਹ ਸਮਝ ਲਿਆ ਜਾਵੇਗਾ ਕਿ ਆਪ ਆਪਣੇ ਵਿਰੁੱਧ ਲੱਗੇ ਦੋਸ਼ਾਂ ਬਾਰੇ ਕੁੱਝ ਨਹੀਂ ਕਹਿਣਾ ਚਾਹੁੰਦੇ ਅਤੇ ਆਪ ਵਿਰੁੱਧ ਬਗੈਰ ਕੋਈ ਹੋਰ ਨੋਟਿਸ ਜਾਰੀ ਕੀਤੇ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 5(9) ਤਹਿਤ ਕਾਰਵਾਈ ਕਰਦੇ ਹੋਏ ਸਰਕਾਰੀ ਸੇਵਾ ਤੋਂ ਡਿਸਮਿਸ ਕਰ ਦਿੱਤਾ ਜਾਵੇਗਾ।

13. ਇਹ ਕਿ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਨੂੰ ਜਾਰੀ ਕੀਤੀ ਗਈ ਦੋਸ਼ ਸੂਚੀ ਦੇ ਸਬੰਧ ਵਿੱਚ ਪੜਤਾਲ

ਅਫਸਰ ਵੱਲੋਂ ਕੀਤੀ ਗਈ ਪੜਤਾਲ ਰਿਪੋਰਟ ਨੂੰ ਘੋਖਣ ਉਪਰੰਤ ਅਤੇ ਪੜਤਾਲ ਅਫਸਰ ਵੱਲੋਂ ਸਿੱਧ ਕੀਤੇ ਗਏ ਦੋਸ਼ ਬਹੁਤ ਹੀ ਗੰਭੀਰ ਹਨ। ਇਸ ਲਈ ਕੁਦਰਤੀ ਇਨਸਾਫ ਨੂੰ ਮੁੱਖ ਰੱਖਦੇ ਹੋਏ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਨੂੰ ਆਪਣਾ ਪੱਖ ਰੱਖਣ ਲਈ ਪੂਰਾ-ਪੂਰਾ ਮੌਕਾ ਦਿੱਤਾ ਗਿਆ ਸੀ। ਪ੍ਰੰਤੂ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਅਤੇ ਨਾ ਹੀ ਉਸ ਵੱਲੋਂ ਕੋਈ ਨੁਮਾਇੰਦਾ ਹਾਜਰ ਆਇਆ ਅਤੇ ਉਸ ਵੱਲੋਂ ਆਪਣੇ ਪੱਖ ਵਿੱਚ ਨਾ ਹੀ ਕੋਈ ਲਿਖਤੀ ਜਵਾਬ ਪੇਸ਼ ਕੀਤਾ ਅਤੇ ਨਾ ਹੀ ਨਿੱਜੀ ਸੁਣਵਾਈ ਦੋਰਾਨ ਪੜਤਾਲ ਅਫਸਰ ਵੱਲੋਂ ਸਿੱਧ ਕੀਤੇ ਗਏ ਦੋਸ਼ਾਂ ਨੂੰ ਝੁਠਲਾਉਣ ਸਬੰਧੀ ਕੋਈ ਤੱਥ/ਰਿਕਾਰਡ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸ਼੍ਰੀ ਰਮਨਪ੍ਰੀਤ ਸਿੰਘ, ਕਲਰਕ (ਮੁਅੱਤਲੀ ਅਧੀਨ) ਆਪਣੇ ਵਿਰੁੱਧ ਮਿਤੀ-06.12.2021 ਰਾਹੀਂ ਜਾਰੀ ਹੋਈ ਚਾਰਜਸ਼ੀਟ ਵਿੱਚ ਲੱਗੇ ਦੋਸ਼ਾਂ ਬਾਰੇ ਕੁੱਝ ਨਹੀਂ ਕਹਿਣਾ ਚਾਹੁੰਦਾ।

14. ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਅਤੇ ਪੜਤਾਲ ਅਫਸਰ ਵਲੋਂ ਕੀਤੀ ਗਈ ਪੜਤਾਲ ਨਾਲ ਸਹਿਮਤ ਹੁੰਦੇ ਹੋਏ ਮੈਂ, ਸੋਨੂੰ ਮਹਾਜਨ, ਉਪ ਰਜਿਸਟਰਾਰ ਸਹਿਕਾਰੀ ਸਭਾਵਾਂ, ਫਾਜਿਲਕਾ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀ ਰਮਨਪ੍ਰੀਤ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ ਕਲਰਕ, ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲਾਲਾਬਾਦ ਨੂੰ ਕੁੱਲ ਮੁਬਲੱਗ 7135968/- ਰੁਪਏ ਦੀ ਸਰਕਾਰੀ ਰਕਮ ਦਾ ਗਬਨ ਕਰਨ ਦਾ ਦੋਸ਼ੀ ਮੰਨਦੇ ਹੋਏ ਉਸਨੂੰ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 5(9) ਤਹਿਤ ਵਰਣਿਤ ਸਜਾ ਦਿੰਦੇ ਹੋਏ ਸਰਕਾਰੀ ਸੇਵਾ ਤੋਂ ਉਸਦੀ ਗੈਰ ਹਾਜਰੀ ਦੀ ਮਿਤੀ-03.08.2021 ਤੋਂ ਬਰਖਾਸਤ (Dismiss) ਕਰਦਾ ਹਾਂ।

ਸਹੀ/-

(ਸੋਨੂੰ ਮਹਾਜਨ)

ਮਿਤੀ 2 ਜਨਵਰੀ, 2024

ਉਪ ਰਜਿਸਟਰਾਰ,

ਸਥਾਨ-ਫਾਜਿਲਕਾ

ਸਹਿਕਾਰੀ ਸਭਾਵਾਂ, ਫਾਜਿਲਕਾ।

3735/6-2026/Pb. Govt. Press, S.A.S. Nagar